# ਗੈਬਾਪੈਂਟਿਨ (ਨਿਊਰੋਂਟਿਨ)
## ਲੰਬੇ ਸਮੇਂ ਦੀ ਵਰਤੋਂ ਲਈ

### ਕਿਸ ਤਰ੍ਹਾਂ ਕੰਮ ਕਰਦਾ ਹੈ:

ਗੈਬਾਪੈਂਟਿਨ ਸ਼ਰਾਬ ਦੀ ਤਰਜ਼ 'ਤੇ ਕੰਮ ਕਰਦੇ ਹਨ ਜੋ ਕਿ ਤੁਹਾਡੇ ਦਿਮਾਗੀ ਨਸਾਂ ਪ੍ਰਣਾਲੀ (ਅਰਥਾਤ "ਨਰਵੱਸ ਸਿੱਸਟਮ") ਨੂੰ ਸ਼ਾਂਤ ਕਰਦਾ ਹੈ। ਸ਼ਰਾਬ ਛੱਡਣ ਵਿੱਚ ਮਦਦ ਕਰਨ ਲਈ ਗੈਬਾਪੈਂਟਿਨ ਦੀ ਵਰਤੋਂ ਨੂੰ ਹੈਲਥ ਕੈਨੇਡਾ ਵਲੋਂ ਮਨਜ਼ੂਰੀ ਨਹੀਂ ਮਿਲੀ ਹੈ। ਤੁਹਾਡਾ ਡਾਕਟਰ ਜਾਂ ਨਰਸ ਇਸ ਨੂੰ ਨੁਸਖੇ (ਪ੍ਰਿਸਕ੍ਰਿਪਸ਼ਨ) ਵਿਚ ਦੇ ਸਕਦੇ ਹਨ ਪਰ ਇਸ ਨੂੰ "ਆਫ-ਲੇਬਲ" ਕਿਹਾ ਜਾਂਦਾ ਹੈ।

### ਕੀ ਤਵੱਕੋ ਕਰਨੀ ਚਾਹੀਦੀ ਹੈ?:

- ਜਦੋਂ ਇਸ ਨੂੰ ਲੰਮੇ ਸਮੇਂ ਦੇ ਇਲਾਜ ਵਜੋਂ ਵਰਤਿਆਂ ਜਾਂਦਾ ਹੈ ਤਾਂ ਇਹ ਸ਼ਰਾਬ ਛੱਡਣ ਤੋਂ 3 ਜਾਂ ਉਸ ਤੋ ਵਧੇਰੇ ਦਿਨਾਂ ਬਾਅਦ ਸ਼ੁਰੂ ਕਰਨ 'ਤੇ ਵਧੇਰੇ ਅਸਰਦਾਰ ਹੋ ਸਕਦੇ ਹੈ (ਮਿਸਾਲ ਵਜੋਂ, ਡੀਟੌਕਸ ਤੋਂ ਬਾਅਦ)।
- ਕੁਝ ਲੋਕਾਂ ਨੂੰ ਲਗਦਾ ਹੈ ਕਿ ਗੈਬਾਪੈਂਟਿਨ ਨੂੰ ਥੈਰੇਪੀ (ਜਿਵੇਂ ਕਿ ਕੌਂਸਲਿੰਗ ਜਾਂ ਆਪਸੀ ਮਦਦ ਸਮੂੰਹ) ਨਾਲ ਮਿਲਾ ਕੇ ਵਰਤਣ 'ਤੇ ਹੋਰ ਵਧੀਆ ਕੰਮ ਕਰਦਾ ਹੈ।
- ਕੁਝ ਲੋਕਾਂ ਨੂੰ ਲਗਦਾ ਹੈ ਕਿ ਕਿਸੇ ਹੋਰ ਲਈ ਕਰਨ ਦੇ ਬਜਾਏ, ਆਪਣੇ ਆਪ ਲਈ ਸ਼ਰਾਬ ਛੱਡਣ ਜਾਂ ਘਟਾਉਣ ਲਈ ਪ੍ਰੇਰਨਾ ਕਰਨ ਨਾਲ ਜ਼ਿਆਦਾ ਕਾਮਯਾਬੀ ਮਿਲ ਸਕਦੀ ਹੈ।
- ਤੁਸੀਂ ਤੇ ਤੁਹਾਡਾ ਸਿਹਤ ਸੰਭਾਲ ਮਾਹਿਰ ਮਿਲ ਕੇ ਇਹ ਤਹਿ ਕਰੋਗੇ ਕਿ ਗੈਬਾਪੈਂਟਿਨ ਕਿੰਨੀ ਦੇਰ ਤੱਕ ਲੈਣੀ ਹੈ।
- ਜੇਕਰ ਤੁਸੀਂ ਗੈਬਾਪੈਂਟਿਨ ਬੰਦ ਕਰਨ ਬਾਰੇ ਵਿਚਾਰ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਗੱਲਬਾਤ ਕਰੋ। ਮਾਤਰਾ ਨੂੰ ਹੌਲ-ਹੌਲੀ ਘਟਾਉ ਤਾਂ ਜੋ ਸਹਿਜੇ-ਸਹਿਜੇ ਨਸ਼ਾ ਛਡਣ ਦੇ ਲੱਛਣ ਘੱਟ ਕੀਤੇ ਜਾਣ।

### ਮਾਤਰਾ:

- ਸ਼ਰਾਬ ਪੀਣ ਦੀ ਬੀਮਾਰੀ ਦੇ ਲਗਾਤਾਰ ਇਲਾਜ ਲਈ ਗੈਬਾਪੈਂਟਿਨ ਦਿਨ ਵਿੱਚ ਤਿੰਨ ਵਾਰ ਲਿਆ ਜਾਂਦਾ ਹੈ। ਸ਼ੁਰੂਆਤ ਵਿੱਚ ਕੁੱਲ ਮਾਤਰਾ ਹਰ ਰੋਜ਼ 300-900ਮਗ ਹੁੰਦੀ ਹੈ ਅਤੇ ਹੌਲੀ-ਹੌਲੀ ਇਹ ਹਰ ਰੋਜ਼ 1800 ਮਗ ਤਕ ਵਧ ਜਾਂਦੀ ਹੈ। ਕੁਝ ਲੋਕ ਆਪਣੀ ਲੋੜ ਅਤੇ ਤਰਬੀਅਤ ਮੁਤਾਬਕ ਘੱਟ ਜਾਂ ਵਧ ਲੈ ਸਕਦੇ ਹਨ।
  - ਗੈਬਾਪੈਂਟਿਨ ਕਈ ਤਾਕਤਾਂ (100 ਮਗ, 300 ਮਗ, 400 ਮਗ ਅਤੇ 600 ਮਗ) ਵਿੱਚ ਮਿਲਦੀ ਹੈ, ਇਸ ਲਈ ਤੁਹਾਨੂੰ ਸਹੀ ਮਾਤਰਾ ਲਈ ਇੱਕ ਤੋਂ ਵੱਧ ਤਾਕਤ ਦੀਆਂ ਗੋਲੀਆਂ ਨੁਸਖੇ ਵਿੱਚ ਦਿੱਤੀਆਂ ਜਾ ਸਕਦੀਆਂ ਹਨ। ਵੱਖ-ਵੱਖ ਤਾਕਤਾਂ ਦੀ ਦਵਾਈ ਦਾ ਰਲੇਵਾਂ ਨਾ ਕਰਨ ਬਾਰੇ ਸਾਵਧਾਨ ਰਹੋ।

### ਅਸਿੱਧੇ ਨਾਂਹ ਪੱਖੀ ਅਸਰ:

- ਅਸਿੱਧੇ ਨਾਂਹ ਪੱਖੀ ਅਸਰ ਆਮ ਤੌਰ 'ਤੇ ਹਲਕ-ਫੁਲਕੇ ਹੁੰਦੇ ਹਨ ਅਤੇ ਸਮੇਂ ਪਾ ਕੇ ਹੀ ਦੂਰ ਹੁੰਦੇ ਹਨ।
- ਆਮ ਅਸਰ: ਮਿਚਲੀ, ਸਿਰਦਰਦ, ਨੀਂਦਰ ਅਤੇ ਚੱਕਰ ਆਉਣੇ।
- ਥੋੜ੍ਹਿਆਂ 'ਤੇ ਅਸਰ: ਬੋਲ ਵਿੱਚ ਅਸਪੱਸ਼ਟਤਾ (ਥੋਥਲਾਪਣ), ਅੱਖਾਂ ਦੇ ਹਿੱਲਣ-ਜੁੱਲਣ 'ਤੇ ਕਾਬੂ ਨਾ ਹੋਣਾ, ਕੰਬਣੀ (ਟ੍ਰੈਮਰਜ਼), ਭਾਰ ਵਧਣਾ, ਬਦਹਜਮੀ, ਪਿੱਠ ਦਾ ਦਰਦ ਅਤੇ ਗੁਰਦੇ ਦੀ ਕਾਰਜਸ਼ੀਲਤਾ ਵਿੱਚ ਘਾਟ।
- ਕੁਝ ਲੋਕਾਂ ਨੂੰ ਗੈਬਾਪੈਂਟਿਨ ਨੂੰ ਲੰਬੇ ਸਮੇਂ ਤੱਕ ਲੈਣ ਦੇ ਬਾਅਦ ਇਸ ਨੂੰ ਬੰਦ ਕਰਨ 'ਤੇ ਨਸ਼ਾ ਛਡਣ ਦੇ ਲੱਛਣ ਮਹਿਸੂਸ ਹੋ ਸਕਦੇ ਹਨ।

### ਗੈਬਾਪੈਂਟਿਨ ਕਿਉਂ ਚੁਣਨਾ ਚਾਹੀਦਾ ਹੈ?

- ਇਹ ਜ਼ਿਆਦਾ ਸ਼ਰਾਬ ਪੀਣ ਨੂੰ ਘਟਾਉਣ 'ਚ ਮਦਦ ਕਰਦਾ ਹੈ।
- ਜਿਗਰ (ਲਿਵਰ) ਦੀ ਬੀਮਾਰੀ ਤੋਂ ਪੀੜਤ ਲੋਕਾਂ ਲਈ ਸੁਰੱਖਿਅਤ ਹੋ ਸਕਦਾ ਹੈ।
- ਜੇਕਰ ਤੁਸੀਂ ਇਹ ਦਵਾਈ ਲੈਣ ਦੌਰਾਨ ਸ਼ਰਾਬ ਪੀਂਦੇ ਹੋ ਤਾਂ ਇਹ ਤੁਹਾਨੂੰ ਬੀਮਾਰੀ ਦਾ ਅਹਿਸਾਸ ਨਹੀਂ ਕਰਾਉਂਦਾ।
- ਜੇਕਰ ਤੁਸੀਂ ਡੀਟੌਕਸ ਦੌਰਾਨ ਪਹਿਲਾਂ ਹੀ ਇਸ ਦੀ ਵਰਤੋਂ ਕਰ ਰਹੇ ਹੋ ਤਾਂ ਕੋਈ ਹੋਰ ਦਵਾਈ ਬਦਲ ਕੇ ਲੈਣ ਦੀ ਜਰੂਰਤ ਨਹੀਂ ਹੁੰਦੀ।

### ਖਤਰਾ:

- ਜਦ ਗੈਬਾਪੈਂਟਿਨ ਲੈਂਦੇ ਹੋ, ਗੱਡੀ ਚਲਾਉਣੀ, ਖਤਰਨਾਕ ਮਸ਼ੀਨਾਂ ਚਲਾਉਣੀਆਂ ਜਾਂ ਕੋਈ ਹੋਰ ਅਜਿਹਾ ਕੰਮ ਕਰਨ ਤੋਂ ਬਚੋ ਜਿਸ ਲਈ ਤੁਹਾਡਾ ਸਾਵਧਾਨ ਅਤੇ ਸਮਝਦਾਰ ਹੋਣਾ ਜ਼ਰੂਰੀ ਹੋਵੇ ।
- ਗੈਬਾਪੈਂਟਿਨ ਦੀ ਸਿਫਾਰਸ਼ ਸ਼ਾਇਹ ਨਾਂ ਕੀਤੀ ਜਾਵੇ ਜੇ:
  - ਤੁਹਾਨੂੰ ਫੇਫੜਿਆਂ ਜਾਂ ਗੁਰਦਿਆਂ ਦੀ ਸਮੱਸਿਆ ਹੋਵੇ (ਹਾਲਾਂਕਿ ਤੁਸੀਂ ਇਸ ਨੂੰ ਘੱਟ ਮਾਤਰਾ ਤੇ ਸ਼ਾਇਦ ਫਿਰ ਵੀ ਲੈ ਸਕਦੇ ਹੋ)।
  - ਤੁਹਾਨੂੰ ਸਮਝਣ-ਬੁੱਝਣ ਦੀ ਦਿਮਾਗੀ ਕਮਜ਼ੋਰੀ ਹੋਵੇ।
  - ਤੁਹਾਡਾ ਨਸ਼ਾ ਛੱਡਣ ਦੇ ਗੰਭੀਰ ਲੱਛਣ (ਜਿਵੇਂ ਕਿ ਦੌਰੇ ਅਤੇ ਡੀਲੀਰੀਅਮ ਟ੍ਰੇਮੇਂਸ) ਦਾ ਪਿਛਲਾ ਰਿਕਾਰਡ ਹੋਵੇ।
- ਇਸਨੂੰ ਲੰਬੇ ਸਮੇਂ ਤਕ ਲੈਣ ਨਾਲ ਅਮਲ ਜਾਂ ਆਦੀ ਹੋ ਸਕਦੇ ਹੋ।
  - ਤੁਹਾਡੇ ਲਈ ਨੁਸਖੇ ਵਿੱਚ ਦਸੀ ਗਈ (ਪ੍ਰਿਸਕ੍ਰਾਈਬ ਕੀਤੀ ਗਈ) ਮਾਤਰਾ ਤੋਂ ਵੱਧ ਮਾਤਰਾ ਲੈਣਾ ਆਨੰਦਮਈ ਜਜ਼ਬਾ ਨੂੰ ਪੈਦਾ ਕਰ ਸਕਦਾ ਹੈ ਅਤੇ ਲੰਬਾ ਸਮਾਂ ਪਾ ਕੇ ਅਮਲ ਵਿੱਚ ਬਦਲ ਸਕਦਾ ਹੈ। ਜੇਕਰ ਤੁਸੀਂ ਨਸ਼ੇ ਦੀ ਆਦਤ, ਤਲਬ ਜਾਂ ਨੁਸਖੇ ਮੁਤਾਬਕ ਇਸ ਨੂੰ ਲੈਣ ਵਿੱਚ ਮੁਸ਼ਕਿਲਾਂ ਬਾਰੇ ਚਿੰਤਤ ਹੋ ਤਾਂ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਗੱਲ ਕਰੋ।
  - ਲੰਬੇ ਸਮੇਂ ਤੱਕ ਇਸ ਨੂੰ ਵਰਤਣ ਤੋਂ ਬਾਅਦ ਅਚਨਚੇਤ ਗੈਬਾਪੈਂਟਿਨ ਛੱਡਣਾ ਚਿੰਤਾ, ਅਨੀਂਦਰਾ, ਮਿਚਲੀ, ਦਰਦ ਅਤੇ ਪਸੀਨੇ ਦਾ ਕਾਰਨ ਬਣ ਸਕਦਾ ਹੈ।
- ਕੁਝ ਗਰਭਵਤੀ ਲੋਕਾਂ 'ਤੇ ਗੈਬਾਪੈਂਟਿਨ ਲੈਣ ਤੋਂ ਬਾਅਦ ਨਾਂਹ-ਪੱਖੀ ਪ੍ਰਭਾਵ ਪੈ ਸਕਦੇ ਹਨ। ਜੇ ਤੁਸੀਂ ਗਰਭਵਤੀ ਹੋ, ਬਣ ਰਹੇ ਹੋ ਜਾਂ ਗਰਭਵਤੀ ਹੋਣ ਜਾਂ ਛਾਤੀ ਦਾ ਦੁੱਧ ਪਿਲਾਉਣ ਦੀ ਤਿਆਰੀ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਗੱਲ ਕਰੋ।
- ਇਸ ਬਾਰੇ ਮਾਹਿਰਾਂ ਦਾ ਕੋਈ ਠੋਸ ਨਿਰਣਾ ਨਹੀਂ ਕੀਤਾ ਗਿਆ ਕਿ ਗੈਬਾਪੈਂਟਿਨ 18 ਸਾਲ ਤੋ ਘੱਟ ਜਾਂ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਸੁਰੱਖਿਅਤ ਹੈ ਜਾਂ ਨਹੀਂ।
- **ਚੇਤਾਵਨੀ: ਗੈਬਾਪੈਂਟਿਨ ਨੂੰ ਹੋਰ 'ਡਾਊਨਰਜ਼' (ਜਿਵੇਂ ਕਿ ਸ਼ਰਾਬ ਅਤੇ ਓਪੀਓਇਡਜ਼) ਦੇ ਪਦਾਰਥਾਂ ਨਾਲ ਮਿਲਾਉਣ ਨਾਲ ਤੁਹਾਡੀ ਸਾਹ ਲੈਣ ਦੀ ਰਫਤਾਰ ਘੱਟ ਹੋ ਸਕਦੀ ਹੈ ਜਾਂ ਇਸ ਨਾਲ ਮੌਤ ਵੀ ਹੋ ਸਕਦੀ ਹੈ। ਤੁਹਾਡੀ ਸੁਰੱਖਿਆ ਅਤੇ ਸਲਾਮਤੀ ਲਈ ਇਹ ਅਹਿਮ ਹੈ ਕਿ ਤੁਸੀਂ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਗੱਲ ਕਰੋ ਕਿ ਕਿਹੜੇ ਪਦਾਰਥਾਂ ਦਾ ਪਰਹੇਜ਼ ਰੱਖਣਾ ਚਾਹੀਦਾ, ਸਮੇਤ ਉਸਦੇ ਜੋ ਨੁਸਖੇ ਵਿੱਚ ਹਨ 'ਤੇ ਜੋ ਨੁਸਖੇ ਵਿੱਚ ਨਹੀਂ ਹਨ। ਜੇਕਰ ਤੁਸੀਂ ਹੋਰ ਪਦਾਰਥ ਲੈਣ ਤੋਂ ਰਹਿ ਨਹੀਂ ਸਕਦੇ ਤਾਂ ਤੁਹਾਡੇ ਖਤਰੇ ਨੂੰ ਘਟਾਉਣ ਲਈ ਤਰੀਕੇ ਹਨ ਜਿਵੇਂ ਕਿ ਅਜਿਹੇ ਪਦਾਰਥਾਂ ਨੂੰ ਇਕੱਲੇ ਹੋਣ ਵੇਲੇ ਨਾ ਵਰਤਣਾ, ਸ਼ੁਰੂਆਤ ਵਿੱਚ ਆਮ ਨਾਲੋਂ ਘੱਟ ਮਾਤਰਾ ਵਿੱਚ ਲੈਣਾ ਅਤੇ ਪਦਾਰਥਾਂ ਦੇ ਮਿਸ਼ਰਨ ਤੋਂ ਬਚਣ ਲਈ ਆਪਣੀ ਵਰਤੋਂ ਨੂੰ ਵਕਫਾ ਪਾ ਕੇ ਵਰਤਣਾ।**

### ਲਾਗਤ:

ਗੈਬਾਪੈਂਟਿਨ ਬਹੁਤੇ ਸੂਬਿਆਂ ਵਿੱਚ ਇਨਸ਼ੋਰੈਂਸ਼ ਵੱਲੋਂ ਕਵਰ ਹੁੰਦਾ ਹੈ। ਲਾਗਤ ਅਤੇ ਕਵਰੇਜ ਬਾਰੇ ਜਾਣਕਾਰੀ ਲੈਣ ਲਈ ਆਪਣੀ ਇਨਸ਼ੋਰੈਂਸ ਸਕੀਮ ਦਾ ਜਾਂਚ ਕਰੋ।